ਮਿਤੀ 30-06-2022

# ਪ੍ਰੈਸ ਨੋਟ

## *ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਬੀ.ਐਸ.ਐਫ. ਨਾਲ ਮਿਲ ਕੇ ਚਲਾਏ ਗਏ ਵਿਸ਼ੇਸ਼ ਸਰਚ ਆਪਰੇਸ਼ਨ ਦੌਰਾਨ ਪਾਕਿਸਤਾਨ ਤੋਂ ਡਰੋਨ ਰਾਹੀਂ ਆਈ 03 ਕਿੱਲੋ 500 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ*

ਪੰਜਾਬ ਸਰਕਾਰ ਵੱਲੋਂ ਨਸ਼ਿਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ, ਫਿਰੋਜ਼ਪੁਰ ਜੀ ਵੱਲੋਂ ਜ਼ਾਰੀ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼੍ਰੀ ਚਰਨਜੀਤ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਦੀ ਅਗਵਾਈ ਹੇਠ ਜਿਲ੍ਹਾ ਫਿਰੋਜ਼ਪੁਰ ਵਿੱਚ ਨਸ਼ਿਆ ਨੂੰ ਠੱਲ ਪਾਉਣ ਲਈ ਜਿਲ੍ਹਾ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸ਼੍ਰੀ ਗੁਰਬਿੰਦਰ ਸਿੰਘ ਪੀ.ਪੀ.ਐਸ., ਕਪਤਾਨ ਪੁਲਿਸ, ਇੰਨਵੈਸਟੀਗੇਸ਼ਨ, ਫਿਰੋਜ਼ਪੁਰ ਦੀ ਸੁਪਰਵੀਜਨ ਵਿੱਚ ਹਲਕਾ ਨਿਗਰਾਨ ਅਫਸਰਾਂ ਤੇ ਡੀ.ਐਸ.ਪੀ.(ਡੀ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਟੀਮਾਂ ਬਣਾਈਆ ਗਈਆ ਸਨ, ਜੋ ਲਗਾਤਾਰ 24 ਘੰਟੇ ਕੰਮ ਕਰ ਰਹੀਆ ਹਨ ਅਤੇ ਨਸ਼ਿਆ ਨਾਲ ਸਬੰਧਤ ਕਿਸੇ ਤਰਾਂ ਦੀ ਇਤਲਾਹ ਮਿਲਣ ਤੇ ਦਿਨ ਰਾਤ ਐਕਸ਼ਨ ਲਈ ਤਿਆਰ ਰਹਿੰਦੀਆ ਹਨ। ਇਹਨਾਂ ਟੀਮਾਂ ਵਿੱਚੋਂ ਸ਼੍ਰੀ ਯਾਦਵਿੰਦਰ ਸਿੰਘ ਪੀ.ਪੀ.ਐਸ., ਉਪ ਕਪਤਾਨ ਪੁਲਿਸ, ਸ:ਡ: ਦਿਹਾਤੀ ਫਿਰੋਜ਼ਪੁਰ ਦੀ ਅਗਵਾਈ ਵਾਲੀ ਟੀਮ ਦੇ ਇੰਸ: ਗੁਰਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਮਮਦੋਟ ਨੂੰ ਬੀ.ਓ.ਪੀ. ਮੱਬੋ ਕੇ, 136 ਬਟਾਲੀਅਨ ਬੀ.ਐਸ.ਐਫ ਪਾਸੋਂ ਇਤਲਾਹ ਮਿਲੀ ਕਿ ਮਿਤੀ 28/29-06-2022 ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਵੱਲੋਂ ਇੱਕ ਡਰੋਨ ਬਾਹੱਦ ਰਕਬਾ ਚੌਂਕੀ ਮੱਬੋ ਕੇ ਏਰੀਏ ਵਿੱਚ ਪਿੱਲਰ ਨੰਬਰ 198/4 ਅਤੇ 198/5 ਦੇ ਦਰਮਿਆਨ ਆਇਆ ਦਿਖਾਈ ਦਿੱਤਾ, ਜਿਸ ਤੇ ਬੀ.ਐਸ.ਐਫ ਦੇ ਜਵਾਨਾ ਵੱਲੋਂ ਡਰੋਨ ਪਰ ਫਾਇਰਿੰਗ (12 ਰਾਊਂਡ 5.56 ਅਤੇ 02 ਇੱਲੂ ਬੰਬ) ਕੀਤੀ ਗਈ, ਜਿਸ ਤੇ ਡਰੋਨ ਕੋਈ ਸ਼ੱਕੀ ਵਸਤੂ ਏਰੀਆ ਵਿੱਚ ਸੁੱਟ ਕੇ ਵਾਪਸ ਚਲਾ ਗਿਆ ਹੈ। ਇਹ ਇਤਲਾਹ ਮਿਲਣ ਤੇ ਤੁਰੰਤ ਕਾਰਵਾਈ ਕਰਦਿਆ ਜਿਲ੍ਹਾ ਪੁਲਿਸ ਫਿਰੋਜ਼ਪੁਰ ਅਤੇ ਬੀ.ਐਸ.ਐਫ. ਵੱਲੋਂ ਸ਼੍ਰੀ ਉਦੈਪ੍ਰਤਾਪ ਸਿੰਘ ਚੌਹਾਨ ਕਮਾਂਡੈਂਟ, ਸ਼੍ਰੀ ਅਮਰਜੀਤ ਸਿੰਘ 2 ਆਈ.ਸੀ. ਅਤੇ ਸ਼੍ਰੀ ਗੁਰਪ੍ਰੀਤ ਸਿੰਘ ਗਿੱਲ ਡਿਪਟੀ ਕਮਾਂਡੈਂਟ ਦੀ ਨਿਗਰਾਨੀ ਹੇਠ ਸਬੰਧਤ ਏਰੀਆ ਨੂੰ ਕਾਰਡਨ ਕੀਤਾ ਗਿਆ ਅਤੇ ਮਿਤੀ 29-06-2022 ਨੂੰ ਸੁਭਾ ਇੰਸਪੈਕਟਰ ਗੁਰਪ੍ਰੀਤ ਸਿੰਘ ਦੁਆਰਾ ਸਮੇਤ ਸਾਥੀ ਕਰਮਚਾਰੀਆ ਅਤੇ ਜਿਲ੍ਹਾ ਦੇ ਵੱਖ-ਵੱਖ ਯੂਨਿਟਾਂ ਤੋ ਫੋਰਸ ਲੈ ਕੇ ਬੀ.ਐਸ.ਐਫ. ਨਾਲ ਸਾਂਝਾ ਸਰਚ ਆਪਰੇਸ਼ਨ ਚਲਾਇਆ ਗਿਆ ਅਤੇ ਆਪਣੇ ਖੁਫੀਆ ਸੋਰਸ ਲਗਾਏ ਗਏ, ਜੋ ਸਰਚ ਦੌਰਾਨ ਇੰਸਪੈਕਟਰ ਗੁਰਪ੍ਰੀਤ ਸਿੰਘ ਪਾਸ ਬਲਵੰਤ ਸਿੰਘ ਉਰਫ ਪੱਪੂ ਪੁੱਤਰ ਮੁਖਤਿਆਰ ਸਿੰਘ ਵਾਸੀ ਕਾਲੂ ਅਰਾਈਆ ਹਿਠਾੜ ਨੇ ਇਤਲਾਹ ਦਿੱਤੀ ਕਿ ਉਸਦੀ ਮੋਟਰ ਦੇ ਨਾਲ ਲੱਗਦੇ ਖੇਤ ਜੋ ਉਸ ਨੇ ਤੇਜਾ ਸਿੰਘ ਪੁੱਤਰ ਸੰਧੂ ਸਿੰਘ ਵਾਸੀ ਕਾਲੂ ਅਰਾਈਆ ਹਿਠਾੜ ਪਾਸੋਂ ਅਦਲਾ-ਬਦਲੀ ਤੇ ਲਏ ਹੋਏ ਹਨ, ਜਿਸ ਵਿੱਚ ਉਹ ਖੁਦ ਕਾਸ਼ਤ ਕਰਦਾ ਹੈ, ਦੀ ਵੱਟ ਤੋਂ 15 ਫੁੱਟ ਦੀ ਦੂਰੀ ਤੇ ਇੱਕ ਲਿਫਾਫਾ ਫਟਿਆ ਹੋਇਆ ਪਿਆ ਹੈ, ਜਿਸਦੀ ਇਤਲਾਹ ਤੇ ਇੰਸਪੈਕਟਰ ਗੁਰਪ੍ਰੀਤ ਸਿੰਘ ਵੱਲੋਂ ਸਾਥੀ ਕਰਮਚਾਰੀਆ ਦੀ ਮਦਦ ਨਾਲ ਬਲਵੰਤ ਸਿੰਘ ਉਰਫ ਪੱਪੂ ਉਕਤ ਨੂੰ ਹਮਰਾਹ ਲੈ ਕੇ ਉਸਦੀ ਮੋਟਰ ਦੇ ਨਾਲ ਲੱਗਦੇ ਖੇਤਾ ਵਿੱਚ ਪੁੱਜੇ ਜਿੱਥੇ ਝੋਨੇ ਦੇ ਖੇਤ ਵਿੱਚ ਇੱਕ ਕਾਲੇ ਰੰਗ ਦੇ ਫਟੇ ਹੋਏ ਲਿਫਾਫੇ ਵਿੱਚੋਂ 05 ਪੈਕਟ ਬ੍ਰਾਮਦ ਹੋਏ, ਜਿੰਨਾ ਤੇ ਚਿੱਟੇ ਰੰਗ ਦੀ ਟੇਪ ਲਪੇਟੀ ਹੋਈ, ਲਿਫਾਫੇ ਉਪਰ ਇੱਕ ਕੁੰਡੀ ਸਿਲਵਰ ਜੋ ਕਾਲੀ ਡੋਰੀ ਨਾਲ ਬੰਨੀ ਹੋਈ, ਉਸਦੇ ਹੇਠਾ ਦੋ ਛੋਟੀਆ ਚਿੱਟੀਆ ਪਾਇਪਾ ਲੱਗੀਆ ਤੇ ਲਿਫਾਫਿਆ ਅੰਦਰ ਤਰਲ ਪਦਾਰਥ ਮੌਜੂਦ ਸੀ। ਪੈਕਟਾਂ ਨੂੰ ਖੋਲ ਕੇ ਚੈੱਕ ਕੀਤਾ ਗਿਆ ਤਾਂ ਉਹਨਾਂ ਵਿੱਚੋ ਹੈਰੋਇੰਨ ਬ੍ਰਾਮਦ ਹੋਈ, ਜਿੰਨਾ ਦਾ ਵਜਨ ਕਰਨ ਪਰ ਪੈਕਟ ਨੰਬਰ 01,02 ਵਿੱਚੋਂ 01/01 ਕਿੱਲੋ ਅਤੇ ਪੈਕਟ ਨੰਬਰ 03,04,05 ਵਿੱਚੋਂ 500/500 ਗ੍ਰਾਮ **ਕੁੱਲ 03 ਕਿੱਲੋ 500 ਗ੍ਰਾਮ ਹੈਰੋਇੰਨ ਬ੍ਰਾਮਦ ਹੋਈ।** ਜਿਸ ਨੂੰ ਜਾਬਤਾ ਅਨੁਸਾਰ ਕਬਜ਼ਾ ਪੁਲਿਸ ਵਿੱਚ ਲਿਆ ਗਿਆ ਹੈ ਅਤੇ ਇਸ ਸਬੰਧੀ ਮੁਕੱਦਮਾ ਨੰਬਰ 103 ਮਿਤੀ 29-06-2022 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ ਬਰਖਿਲਾਫ ਨਾਮਲੂਮ ਦਰਜ ਰਜਿਸਟਰ ਕਰਵਾ ਕੇ ਇੰਸਪੈਕਟਰ ਗੁਰਪ੍ਰੀਤ ਸਿੰਘ ਵੱਲੋਂ ਤਫਤੀਸ਼ ਆਰੰਭ ਕੀਤੀ ਗਈ ਹੈ। ਇਸ ਸਰਹੱਦ ਪਾਰੋਂ ਹੋਈ ਸਮੱਗਲਿੰਗ ਵਿੱਚ ਮਸ਼ਕੂਕ ਅਪਰਾਧੀਆ ਨੂੰ ਜਲਦ ਟਰੇਸ ਕਰਕੇ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾਵੇਗਾ ਅਤੇ ਦੋਸ਼ੀਆ ਨੂੰ ਕਾਨੂੰਨ ਅਨੁਸਾਰ ਸਜ਼ਾ ਦਵਾਈ ਜਾਵੇਗੀ।

**ਮੁਕੱਦਮਾ ਨੰਬਰ 103 ਮਿਤੀ 29-06-2022 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਮਮਦੋਟ**

**ਬਨਾਮ :** ਨਾਮਲੂਮ ਵਿਅਕਤੀ।

**ਬ੍ਰਾਮਦਗੀ:** 03 ਕਿੱਲੋ 500 ਗ੍ਰਾਮ ਹੈਰੋਇਨ ਬ੍ਰਾਮਦ ਹੋਈ।

**ਬ੍ਰਾਮਦਗੀ ਦੀ ਜਗ੍ਹਾ :** ਬਾਹਦ ਰਕਬਾ ਬੀ.ਓ.ਪੀ. ਮੱਬੋ ਕੇ, ਅੰਤਰ-ਰਾਸ਼ਟਰੀ ਸਰਹੱਦ ਨੇੜਿਓਂ।

Scanned by CamScanner